# ਸ਼ੇਖ ਫ਼ਰੀਦ - ਸਬਦ ੫੩

## ਫਰੀਦਾ ਵੇਖੁ ਕਪਾਹੈ ਜਿ ਥੀਆ ਜਿ ਸਿਰਿ ਥੀਆ ਤਿਲਾਹ ॥

## ਸਲੋਕ, ਸੇਖ ਫਰੀਦ, ਗੁਰੂ ਗ੍ਰੰਥ ਸਾਹਿਬ, ੧੩੮੦

ਫਰੀਦਾ ਵੇਖੁ ਕਪਾਹੈ ਜਿ ਥੀਆ ਜਿ ਸਿਰਿ ਥੀਆ ਤਿਲਾਹ ॥
ਕਮਾਦੈ ਅਰੁ ਕਾਗਦੈ ਕੁੰਨੇ ਕੋਇਲਿਆਹ ॥
ਮੰਦੇ ਅਮਲ ਕਰੇਦਿਆ ਏਹ ਸਜਾਇ ਤਿਨਾਹ ॥੪੯॥

ਸਾਰ: ਆਪਣੇ ਅਸਲ ਤੱਤਸਾਰ ਤੱਕ ਪਹੁੰਚਣ ਲਈ ਰੁਪਾਂਤ੍ਰਣ ਦੀ ਸ਼ਕਤੀਸ਼ਾਲੀ ਪ੍ਰਕਿਰਿਆ ਨੂੰ ਧਾਰਨ ਕਰਨਾ ਪੈਂਦਾ ਹੈ। ਇਸ ਲਈ ਸਿਰਫ਼ ਗਿਆਨ ਹੀ ਕਾਫ਼ੀ ਨਹੀਂ ਹੁੰਦਾ, ਅਨੁਭਵ ਰਾਹੀਂ ਹੀ ਅਸੀਂ ਆਪਣੇ ਅਸਲ ਤੱਤਸਾਰ ਤੱਕ ਪਹੁੰਚ ਸਕਦੇ ਹਾਂ। ਜ਼ਿੰਦਗੀ ਸਾਨੂੰ ਅਜਿਹੀ ਸਰਵ ਵਿਆਪਕ ਕੱਚੀ ਸਮੱਗਰੀ ਪ੍ਰਦਾਨ ਕਰਦੀ ਹੈ ਜਿਸ ਵਿਚ ਸਮਾਂ, ਤਾਂਘ, ਡਰ, ਪਿਆਰ, ਨੁਕਸਾਨ ਅਤੇ ਇੱਛਾਵਾਂ ਦਾ ਸੁਮੇਲ ਹੁੰਦਾ ਹੈ। ਅੰਤਰੀਵੀ ਰੁਪਾਂਤ੍ਰਣ ਦੀ ਪ੍ਰਕਿਰਿਆ ਵਿਚ ਸ਼ਾਮਲ ਹੋਏ ਬਿਨਾਂ, ਇਹ ਤੱਤ ਅਸ਼ੁੱਧ ਰਹਿ ਸਕਦੇ ਹਨ, ਜਿਸ ਨਾਲ ਕੋਈ ਸਾਰਥਕ ਉਪਜ ਪੈਦਾ ਨਹੀਂ ਹੁੰਦੀ। ਰੁਪਾਂਤ੍ਰਣ ਦਾ ਅਗਾਜ਼ ਉਦੋਂ ਹੁੰਦਾ ਹੈ ਜਦੋਂ ਅਸੀਂ ਆਪਣੇ ਅਨੁਭਵਾਂ ਨੂੰ ਸੁਚੇਤ ਤੌਰ 'ਤੇ ਹਉਮੈ ਨੂੰ ਵਧਾਉਣ ਦੀ ਥਾਂ ਜਾਗਰੂਕਤਾ ਦੇ ਵਾਧੇ ਲਈ ਬਦਲਦੇ ਹਾਂ। ਇਸ ਪ੍ਰਕਿਰਿਆ ਨਾਲ ਪੀੜਾ ਗੰਭੀਰਤਾ ਵਿਚ, ਸਫ਼ਲਤਾ ਨਿਮਰਤਾ ਵਿਚ, ਅਤੇ ਇੱਛਾ ਚੇਤੰਨ ਦਿਸ਼ਾ ਵੱਲ ਬਦਲ ਜਾਂਦੀ ਹੈ, ਇਸ ਸਮੁਚੇ ਪ੍ਰਬੰਧ ਨਾਲ ਅਸੀਂ ਆਪਣੀ ਅੰਤਰੀਵੀ ਸਮਰਥਾ ਨੂੰ ਖੋਲ੍ਹਦੇ ਹਾਂ।

ਫਰੀਦਾ ਵੇਖੁ ਕਪਾਹੈ ਜਿ ਥੀਆ ਜਿ ਸਿਰਿ ਥੀਆ ਤਿਲਾਹ ॥
ਫਰੀਦ ਕਹਿੰਦੇ ਹਨ ਕਿ ਵੇਖੋ ਕਿਵੇਂ ਰੂਈ ਨੂੰ ਕੁੱਟ ਕੇ ਧਾਗਾ ਬਣਾਇਆ ਜਾਂਦਾ ਹੈ ਅਤੇ ਤਿਲਾਂ ਨੂੰ ਪੀੜ ਕੇ ਉਨ੍ਹਾਂ ਵਿਚੋਂ ਤੇਲ ਕੱਢਿਆ ਜਾਂਦਾ ਹੈ। ਇਹ ਬਦਲਾਅ ਇਸ ਤੱਥ ਦੇ ਸ਼ਕਤੀਸ਼ਾਲੀ ਦ੍ਰਿਸ਼ਟਾਂਤ ਹਨ ਕਿ ਕਿਵੇਂ ਸਾਡੇ ਕਰਮ ਅਤੇ ਅਨੁਭਵ ਸਾਡੀ ਅੰਤਰੀਵੀ ਰੁਪਾਂਤ੍ਰਣ ਪ੍ਰਕਿਰਿਆ ਨੂੰ ਤਰਾਸ਼ਦੇ ਹਨ।

ਕਮਾਦੈ ਅਰੁ ਕਾਗਦੈ ਕੁੰਨੇ ਕੋਇਲਿਆਹ ॥
ਗੰਨੇ, ਕਾਗਜ਼, ਮਿੱਟੀ ਦੇ ਘੜੇ ਅਤੇ ਕੋਇਲੇ ਦੇ ਹਾਲਾਤ ਬਾਰੇ ਵੀ ਸੋਚੋ। ਇਹ ਸਾਰੇ ਦ੍ਰਿਸ਼ਟਾਂਤ ਦੱਸਦੇ ਹਨ ਕਿ ਗੰਨੇ ਨੂੰ ਉਸ ਦੀ ਮਿਠਾਸ ਲਈ ਪੀੜਿਆ ਜਾਂਦਾ ਹੈ, ਕਾਗਜ਼ ਨੂੰ ਨਵਾਂ ਰੂਪ ਦੇਣ ਲਈ ਤੁੰਬਿਆ ਜਾਂਦਾ ਹੈ,

ਮਿੱਟੀ ਨੂੰ ਅੱਗ ਵਿਚ ਤਪਾ ਪਕਿਆ ਕੀਤਾ ਜਾਂਦਾ ਹੈ ਅਤੇ ਕੋਇਲੇ ਨੂੰ ਬਾਲ ਉਸ ਵਿਚੋਂ ਊਰਜਾ ਕੱਢੀ ਜਾਂਦੀ ਹੈ। ਇਹ ਸਭ ਇਸ ਤੱਥ ਨੂੰ ਉਜਾਗਰ ਕਰਦੇ ਹਨ ਕਿ ਰੁਪਾਂਤ੍ਰਣ ਲਈ ਸਾਨੂੰ ਆਪਣੇ ਪਰਿਪੇਖ ਅਤੇ ਦ੍ਰਿੜਤਾ ਦਾ ਪਸਾਰ ਕਰਨਾ ਪੈਂਦਾ ਹੈ।

ਮੰਦੇ ਅਮਲ ਕਰੇਦਿਆ ਏਹ ਸਜਾਇ ਤਿਨਾਹ ॥੪੯॥
ਬਿਨ੍ਹਾਂ ਸੋਚੇ-ਸਮਝੇ ਵਰਤਾਅ ਕਰਨ ਵਾਲੇ ਅੰਤ ਆਪਣੇ ਕਰਮਾਂ ਦੇ ਨਤੀਜੇ ਭੁਗਤਦੇ ਹਨ। ਇਹ ਭਾਵ ਇਸ ਤੱਥ ਨੂੰ ਉਜਾਗਰ ਕਰਦਾ ਹੈ ਕਿ ਨੈਤਿਕ ਨਿਰਣਿਆਂ ਦੀ ਥਾਂ, ਕਿਸੇ ਦੁਆਰਾ ਕੀਤੀਆਂ ਚੋਣਾਂ ਦੇ ਨਤੀਜੇ ਇਕ ਕੁਦਰਤੀ ਵਰਤਾਰਾ ਹੁੰਦੇ ਹਨ। (੪੯)

ਤੱਤ: ਸ਼ੇਖ ਫ਼ਰੀਦ ਅੰਤਰੀਵੀ ਵਿਧਾਨ ਦੀ ਇਕ ਅਜਿਹੀ ਸ਼ਕਤੀਸ਼ਾਲੀ ਧਾਰਨਾ ਪੇਸ਼ ਕਰਦੇ ਹਨ ਜਿਸ ਵਿਚ ਕੁਝ ਵੀ ਸੰਜੋਗ ਨਾਲ ਜਾਂ ਜ਼ਬਰਦਸਤੀ ਨਹੀਂ ਹੁੰਦਾ। ਸਾਡੇ ਦੁਆਰਾ ਕੀਤੀ ਗਈ ਹਰ ਚੋਣ ਸਾਡੇ ਮਨਾਂ ਨੂੰ ਘੜਦੀ ਹੈ ਅਤੇ ਸਾਡੇ ਅੰਤਰੀਵੀ ਆਪੇ ਦੇ ਤੱਤਸਾਰ ਨੂੰ ਪਰਿਭਾਸ਼ਿਤ ਕਰਦੀ ਹੈ। ਜੋ ਅਸੀਂ ਅਨੁਭਵ ਕਰਦੇ ਹਾਂ, ਸਾਡੇ ਕਰਮ, ਉਨ੍ਹਾਂ ਨਤੀਜਿਆਂ ਨੂੰ ਨਿਰਧਾਰਤ ਕਰਦੇ ਹਨ। ਇਹ ਨਤੀਜੇ ਸਜ਼ਾਵਾਂ ਨਹੀਂ ਹਨ, ਬਲਕਿ ਜੋ ਅਸੀਂ ਆਪਣੇ ਅੰਦਰ ਬੀਜਿਆ ਹੈ ਉਸ ਦਾ ਪਰਿਣਾਮ ਹਨ। ਜਿਨ੍ਹਾਂ ਅਨੁਭਵਾਂ ਵਿਚੋਂ ਅਸੀਂ ਗੁਜ਼ਰਦੇ ਹਾਂ ਉਹ ਸਾਡੇ ਦੁਆਰਾ ਨਿਰਧਾਰਿਤ ਕੀਤੇ ਗਏ ਢਾਂਚਿਆਂ ਨੂੰ ਦਰਸਾਉਂਦੇ ਹਨ। ਇਨ੍ਹਾਂ ਸਾਰੀਆਂ ਵਿਧੀਆਂ ਨਾਲ, ਜੀਵਨ ਸਾਨੂੰ ਆਪਣੀ ਰੁਪਾਂਤ੍ਰਣ ਰੂਪੀ ਯਾਤਰਾ ਨੂੰ ਪਛਾਣਨ ਅਤੇ ਇਸ ਨੂੰ ਕਲਾਵੇ ਵਿਚ ਲੈਣ ਦੀ ਸਮਰਥਾ ਪ੍ਰਦਾਨ ਕਰਦਾ ਹੈ।

---

ਪਹਿਲਕਦਮੀ

**Oneness In Diversity Research Foundation**
ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**